| | | | |
|---|---|---|---|
| (i) | Printed Pages : 3 | Roll No. .................................. | |
| (ii) | Questions : 7 | **Sub. Code :** | 0 9 3 8 |
| | | **Exam. Code :** | 0 0 3 0 |

**Bachelor of Computer Applications 4th Sem.**

**(2053)**

**PUNJABI (Compulsory)**

**Paper–B (BCA-16-401)**

**Time Allowed : Three Hours]** **[Maximum Marks : 45**

**ਨੋਟ :–** (1) ਸਾਰੇ ਪ੍ਰਸ਼ਨ ਜ਼ਰੂਰੀ ਹਨ।

(2) ਲਿਖਾਈ ਸਾਫ਼ ਸੁਥਰੀ ਕਰੋ।

1. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਫੁੱਟ ਪਈ ਅੰਗੂਰੀ ਕੱਕੀ ਗੋਰੇ ਗੋਰੇ ਮੁੱਖੜੇ ਤੇ,<br>
ਫੁੱਲ ਵਾਂਗੂੰ ਆਣ ਕੇ ਜਵਨੀ ਨੇ ਸ਼ਿੰਗਾਰਿਆ।<br>
ਸੱਧਰਾਂ ਮੁਰਾਦਾਂ ਵਾਲੇ ਦਿਨ ਜਦੋਂ ਨੇੜੇ ਢੁੱਕੇ,<br>
ਹੋਣੀ ਹੁਰਾਂ ਆਣ ਉਦੋਂ ਚੀਣਾ ਇਹ ਖਿਲਾਰਿਆ।<br>
ਤੁਰੇ ਤੁਰੇ ਜਾਂਦੇ ਨੂੰ ਖਲੋਤੀ ਇਕ ਸੁੰਦਰੀ ਨੇ,<br>
ਖਿੱਚ ਕੇ ਦੁਗਾੜਾ ਖ਼ੂਨੀ ਨੈਣਾਂ ਵਿਚੋਂ ਮਾਰਿਆ।

**ਜਾਂ**

ਸੋਨੇ ਦੀ ਸਵੇਰ ਜਦੋਂ ਆਊ ਹਾਣੀਆ,
ਨੱਚੇਗਾ ਅੰਬਰ ਭੂਮੀ ਗਾਊ ਹਾਣੀਆ।
ਮਿਹਨਤਾਂ ਦਾ ਮੁੱਲ ਆਪੇ ਪਾਉਣਾ ਲੋਕਾਂ ਨੇ,
ਧਰਤੀ ਤੇ ਸੁਰਗ ਬਣਾਉਣਾ ਲੋਕਾਂ ਨੇ,
ਇਕੋ ਜਿੰਨੀ ਖ਼ੁਸ਼ੀ ਸਾਰਿਆਂ ਦੇ ਜੀਣ ਨੂੰ।
ਬਚੇਗਾ ਨਾ ਲੱਟੂ ਕੋਈ ਲਹੂ ਪੀਣ ਨੂੰ,
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ। 5

2. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ 'ਕੇਂਦਰੀ ਭਾਵ ਜਾਂ ਸਾਰ ਲਿਖੋ :

(ੳ) ਭਾਰਤ

(ਅ) ਚੁੰਮ ਚੁੰਮ ਰੱਖੋ

(ੲ) ਲੱਛੀ ਕੁੜੀ

(ਸ) ਖ਼ਤਾਂ ਦੀ ਉਡੀਕ। 5

3. ਕਿਸੇ **ਇੱਕ** ਕਵੀ ਜਾਂ ਕਹਾਣੀਕਾਰ ਦੇ ਜੀਵਨ, ਰਚਨਾ ਤੇ ਸਾਹਿਤ ਨੂੰ ਯੋਗਦਾਨ ਬਾਰੇ ਲਿਖੋ :

(ੳ) ਸ਼ਿਵ ਕੁਮਾਰ

(ਅ) ਵਰਿਆਮ ਸੰਧੂ। 8

4. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਕੁਰਸੀ

(ਅ) ਰੋਹੀ ਬੀਆਬਾਨ। 5

ਤੁਹਾਡੇ ਕਾਲਜ ਵਿੱਚ ਕਬੱਡੀ ਦਾ ਟੂਰਨਾਮੈਂਟ ਕਰਵਾਇਆ ਗਿਆ। ਉਸ ਸੰਬੰਧੀ ਪ੍ਰੈਸ ਨੋਟ ਤਿਆਰ ਕਰੋ।

**ਜਾਂ**

ਤੁਹਾਡੇ ਕਾਲਜ ਵਿੱਚ 'ਜ਼ੋਨਲ ਯੂਥ ਫ਼ੈਸਟੀਵਲ' ਕਰਵਾਇਆ ਗਿਆ ਹੈ। ਉਸ ਸੰਬੰਧੀ ਪ੍ਰੈਸ ਨੋਟ ਲਿਖੋ। 8

6. ਤੁਸੀਂ ਆਪਣੇ ਸ਼ਹਿਰ ਵਿੱਚ 'ਟੂਰ ਐਂਡ ਟਰੇਵਲਜ' ਕੰਪਨੀ ਖੋਲ੍ਹੀ ਹੈ। ਉਸ ਸੰਬੰਧੀ ਅਖ਼ਬਾਰ ਵਿੱਚ ਦੇਣ ਲਈ ਇਸ਼ਤਿਹਾਰ ਲਿਖੋ।

**ਜਾਂ**

ਤੁਸੀਂ ਕਿਸੇ ਸ਼ਹਿਰ ਵਿੱਚ 'ਆਈਲੈਟਸ ਕੋਚਿੰਗ ਸੈਂਟਰ' ਖੋਲ੍ਹਿਆ ਹੈ। ਉਸ ਨਾਲ ਸੰਬੰਧਤ ਅਖ਼ਬਾਰ ਵਿੱਚ ਦੇਣ ਲਈ ਇਸ਼ਤਿਹਾਰ ਲਿਖੋ। 7

7. ਹੇਠ ਲਿਖੇ ਪੈਰ੍ਹੇ ਦੇ ਵਿਸ਼ਰਾਮ ਚਿੰਨ੍ਹ ਲਗਾਓ :

ਬੇਬੇ ਕਿਹੋ ਜਿਹੀਆਂ ਗੱਲਾਂ ਕਰਦੀ ਏਂ ਭਜਨ ਕੌਰ ਨੇ ਉਹਦਾ ਗੋਡਾ ਹਿਲਾਉਂਦਿਆਂ ਕਿਹਾ ਭਲਾ ਤੇਰਾ ਕੀ ਦੋਸ਼ ਇਹਦੇ ਵਿੱਚ ਬੰਦਿਆਂ ਦੀਆਂ ਬੰਦੇ ਜਾਨਣ 7